RSM
Date....../....../......
Page ..........
Rangoli

# ਪੁਰਾਤਨ ਜਨਮਸਾਖੀ

## ਗੁਰਮਤਿ ਦਰਸ਼ਨ

ਪੁਰਾਤਨ ਜਨਮ ਸਾਖੀ ਆਪਣੇ ਆਪ ਵਿੱਚ ਇੱਕ ਅਧਿਆਤਮਿਕ ਹੈ। ਇਸਨੂੰ ਦਰਸ਼ਨ ਜਾ ਫਿਲਾਸਫੀ ਨਹੀਂ ਕਿਹਾ ਜਾ ਸਕਦਾ। ਹਰ ਅਧਿਆਤਮਿਕ ਕਾਵਿ ਕਿਸੇ ਫਲਸਫੇ ਨੂੰ ਜਨਮ ਦਿੰਦਾ ਹੈ। ਇਸੇ ਕਰਕੇ ਹਰ ਅਧਿਆਤਮਿਕ ਕਾਵਿ ਦਾਰਸ਼ਨਿਕ ਮਾਨਤਾਵਾਂ ਆਪਣੇ ਅੰਦਰ ਸੰਭਾਲੀ ਰੱਖਦਾ ਹੈ।

ਪੁਰਾਤਨ ਜਨਮ ਸਾਖੀ ਅੰਦਰਲੇ 'ਗੁਰਮਤਿ ਦਰਸ਼ਨ' ਸੰਬੰਧੀ ਜਾਣਨ ਤੋਂ ਪਹਿਲਾਂ ਇਹ ਜਾਣਨਾ ਜਰੂਰੀ ਹੈ ਕਿ ਦਰਸ਼ਨ ਕੀ ਹੈ?

**ਦਰਸ਼ਨ ਕੀ ਹੈ:-**

ਦਰਸ਼ਨ ਦੀ ਪਰਿਭਾਸ਼ਾ ਦੇਣ ਤੋਂ ਪਹਿਲਾ ਇਸ ਦਾ ਸ਼ਾਬਦਿਕ ਅਰਥ ਜਾਣਨਾ ਬਹੁਤ ਜਰੂਰੀ ਹੈ। ਦਰਸ਼ਨ ਅੰਗਰੇਜ਼ੀ ਦੇ ਸ਼ਬਦ **Philosphy** ਦਾ ਪੰਜਾਬੀ ਅਨੁਵਾਦ ਹੈ। **Philosphy** ਸ਼ਬਦ ਗ੍ਰੀਕ ਭਾਸ਼ਾ ਦੇ ਸ਼ਬਦਾਂ **Philos** ਜਿਸ ਦਾ ਅਰਥ ਪਿਆਰ ਜਾਂ ਉਤੇਜਨਾ ਹੈ ਅਤੇ **Sophia** ਜਿਸ ਦਾ ਅਰਥ ਹੈ ਗਿਆਨ ਜਾਂ ਸਿਆਣਪ ਦਾ ਮੇਲ। ਇਸ ਤਰ੍ਹਾਂ **Philosphy** ਦਾ ਸ਼ਾਬਦਿਕ ਅਰਥ ਹੈ 'ਗਿਆਨ ਨਾਲ ਪਿਆਰ'।

ਵੱਖ - ਵੱਖ ਵਿਦਵਾਨਾਂ ਨੇ ਦਰਸ਼ਨ ~~ਦੀਆਂ~~ ਵੱਖ - ਵੱਖ ਪਰਿਭਾਸ਼ਾਵਾਂ ਦਿੱਤੀਆਂ ਹਨ। ਜੋ ਇਸ ਪ੍ਰਕਾਰ ਹਨ:-

**ਅਰਸਤੂ ਅਨੁਸਾਰ →**

" ਦਰਸ਼ਨ ਇੱਕ ਵਿਗਿਆਨ ਹੈ ਜੋ ਹਰ ਸੱਤਾ, ਜੋ ਉਹ ਅਸਲੀਅਤ ਵਿੱਚ ਹੈ, ਦੀ ਜਾਂਚ -ਪੜਤਾਲ ਕਰਦਾ ਹੈ।"

**ਵਿਲਿਅਮ ਜੇਮਜ਼ ਅਨੁਸਾਰ →**

" ਦਰਸ਼ਨ ਅਸਲ ਅਰਥਾਂ ਵਿੱਚ ਮਨੁੱਖ ਦੀ ਸੋਚ ਹੈ।"

ਪੁਰਾਤਨ ਜਨਮ ਸਾਖੀ ਦੇ ਗੁਰਮਤਿ ਦਰਸ਼ਨ ਨੂੰ ਅਸੀਂ ਤਿੰਨ ਪੱਖਾਂ ਵਿਚੋਂ ਵੰਡ ਸਕਦੇ ਹਾਂ।

1. ਅਧਿਆਤਮਿਕ ਜਿਸਨੂੰ **Metaphysics** ਕਹਿੰਦੇ ਹਨ। ਇਸ ਵਿੱਚੋਂ ਬ੍ਰਹਮ ਜੀਵਨ ਤੇ ਜਗਤ ਦੇ ਬ੍ਰਹਿਮੰਡੀ ਪਸਾਰੇ ਨੂੰ ਵੇਖਿਆ ਜਾ ਸਕਦਾ ਹੈ।
2. ਦੂਜਾ ਪੱਖ ਜੀਵ ਪਸਾਰੇ ਬੰਧ ਵਿਚੋਂ ਕਿਵੇਂ ਨਿਕਲੇ? ਇਸ ਵਿੱਚ ਮੁਕਤੀ ਪੱਖ ਆਉਂਦਾ ਹੈ।
3. ਤੀਜਾ ਪੱਖ ਨੈਤਿਕਤਾ ਜਾਂ ਸਦਾਚਾਰ ਦਾ ਹੈ।

**ਬ੍ਰਹਮ →** ਵੇਦ ਉਪਨਿਸ਼ਦ ਪੁਰਾਨ ਦੇ ਕਥਨ ਵਿੱਚ ਜਗਤ ਰਚਨਾ ਤੋਂ ਪਹਿਲਾ ਕੇਵਲ ਇੱਕ ਬ੍ਰਹਮ ਦੀ ਸੱਤਾ ਨੂੰ ਸਵੀਕਾਰ ਕੀਤਾ ਗਿਆ ਹੈ। ਡਾ. ਮਨਮੋਹਨ ਸਿੰਘ ਨੇ ਬ੍ਰਹਮ ਦੇ ਬੁਧਾਇਕ ਅਨੇਕਾਂ ਸ਼ਬਦਾਂ ਦੀ ਰਚਨਾ ਕੀਤੀ ਹੈ ਜਿਵੇਂ ਬ੍ਰਹਮ ਹਰਿ, ਗੋਬਿੰਦ, ਰਾਮ, ਪ੍ਰਭੂ, ਨਾਰਾਇਣ, ਰਘੁਨਾਥ, ਦੀਨਾਨਾਥ, ਸੁਆਮੀ ਆਦਿ। ਉਨ੍ਹਾਂ ਨੇ ਬ੍ਰਹਮ ਨੂੰ ਸਰਗੁਣ ਤੇ ਨਿਰਗੁਣ ਰੂਪਾਂ ਵਿੱਚ ਚਿਤਰਿਆ ਹੈ।

ਪੁਰਾਤਨ ਜਨਮ ਨੇ ਹੇਠ ਲਿਖੇ ਸ਼ਬਦ ਚਿੱਤਰੇ ਹਨ:-

**੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ**
**ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥**

ਜਨਮ ਸਾਖੀ ਅੰਦਰ ਕਿਹਾ ਗਿਆ ਹੈ ਕਿ ਬ੍ਰਹਮ ਦੀ ਹਸਤੀ ਤੋਂ ਹੀ ਸਾਰੀ ਸ੍ਰਿਸ਼ਟੀ ਹੋਂਦ ਵਿੱਚ ਆਈ ਹੈ। ਬ੍ਰਹਮ ਦਾ ਕੋਈ ਕਰਤਾ ਨਹੀਂ ਹੈ ਇਹ ਆਪਣਾ ਕਰਤਾ ਆਪ ਹੈ ਸੋ ਗੁਰੂ ਸਾਹਿਬ ਨੇ ਬ੍ਰਹਮ ਦੇ ਸਰੂਪ ਨੂੰ ਮੰਨਿਆ ਹੈ।

**ਜੀਵ ਆਤਮਾ →** ਸ੍ਰਿਸ਼ਟੀ ਵਿਚ ਜੀਵ ਇਕ ਮਹੱਤਵਪੂਰਨ ਪ੍ਰਾਣੀ ਹੈ, ਜੀਵ ਆਤਮਾ ਕੀ ਹੈ? ਗੁਰਮਤਿ ਕਾਵਿ ਵਿਚ ਜੀਵ ਆਤਮਾ ਨੂੰ ਪਰਮਾਤਮਾ ਦਾ ਹੀ ਇਕ ਰੂਪ ਮੰਨਿਆ ਹੈ, ਕਿਉਂਕਿ ਬ੍ਰਹਮ ਨੇ ਆਪਣੀ ਜੋਤ ਵਿਚੋਂ ਉਸਨੂੰ ਪੈਦਾ ਕੀਤਾ ਹੈ। ਬ੍ਰਹਮ ਪੂਰਾ ਹੈ ਜੀਵ ਆਤਮਾ ਉਹੀ ਹੈ। ਜਦੋਂ ਜੀਵਾਤਮਾ ਪ੍ਰਭੂ ਵਿਚ ਲੀਨ ਹੋਵੇਗੀ ਤਾਂ ਹੀ ਬ੍ਰਹਮ ਪੈਂਅੰਤ ਹੀ ਰਹੇਗਾ। ਜੀਵ ਆਤਮਾ ਪ੍ਰਭੂ ਦੇ ਹੁਕਮ ਅਨੁਸਾਰ ਹੀ ਸੰਸਾਰ ਵਿਚ ਆਉਂਦੀ ਹੈ। ਉਸ ਨੂੰ ਪੂਰਨਤਾ ਨਾਮ ਦੇ ਜਾਪ ਤੋਂ ਪ੍ਰਾਪਤ ਹੁੰਦੀ ਹੈ, ਜਿਸ ਕਾਰਨ ਉਹ ਨਿਰੰਕਾਰ ਦੇ ਹੁਕਮ ਵਿਚ ਚੱਲਦਾ ਹੈ ਜਿਵੇਂ

**ਜੋ ਹਰਿ ਨਾਮ ਧਿਆਇਦੇ ਤੇ ਜਨ ਪਰਵਾਨਾ।**

**ਸ੍ਰਿਸ਼ਟੀ →** ਸੰਸਾਰ ਦੀ ਰਚਨਾ ਬਾਰੇ ਵੱਖ-ਵੱਖ ਵਿਦਵਾਨਾਂ ਨੇ ਵੱਖ-ਵੱਖ ਵਿਚਾਰ ਦੱਸੇ ਹਨ। ਕੁੱਝ ਵਿਦਵਾਨਾਂ ਅਨੁਸਾਰ, ਸੰਸਾਰ ਦੀ ਰਚਨਾ ਉਸ ਸਮੇਂ ਹੁੰਦੀ ਹੈ, ਜਦੋਂ ਮਾਇਆ ਬ੍ਰਹਮ ਨੂੰ ਵਿਆਪਦੀ ਹੈ। ਕੁਝ ਜੀਵ ਰਚਨਾ ਨੂੰ ਇਸਦਾ ਕਾਰਨ ਮੰਨਦੇ ਹਨ। ਗੁਰੂ ਸਾਹਿਬ ਨੇ ਸ੍ਰਿਸ਼ਟੀ ਨੂੰ ਕਰਤਾ ਦੀ ਖੇਡ ਮੰਨਿਆ ਹੈ, ਗੁਰੂ ਜੀ ਫਰਮਾਉਂਦੇ ਹਨ:-

**ਆਪਨ ਖੇਲ ਆਪ ਵਰਤੀਜਾ**
**ਨਾਨਕ ਕਰਨੈਹਾਰ ਨਾ ਦੂਜਾ॥**

ਭਗਵਤ ਗੀਤਾ ਵਿਚ ਵੀ ਭਗਵਾਨ ਸ੍ਰੀ ਕ੍ਰਿਸ਼ਨ ਨੇ ਸ੍ਰਿਸ਼ਟੀ ਦੀ ਰਚਨਾ ਬਾਰੇ ਕਿਹਾ ਹੈ, ਮੈਂ ਸੰਪੂਰਨ ਜਗਤ ਦੀ ਉਤਪਤੀ ਅਤੇ ਪ੍ਰਲੈ ਦਾ ਰੂਪ ਅਰਥਾਤ ਸੰਪੂਰਨ ਜਗਤ ਦਾ ਮੂਲ ਕਾਰਨ ਹਾਂ।

ਅਕਾਲ ਪੁਰਖ ਦੀ ਇੱਛਾ ਤੋਂ ਹੀ ਸ੍ਰਿਸ਼ਟੀ ਦੀ ਰਚਨਾ ਹੁੰਦੀ ਹੈ। ਗੁਰੂ ਜੀ ਨੇ ਸ੍ਰਿਸ਼ਟੀ ਦਾ ਕਰਤਾ-ਧਰਤਾ ਉਸ ਪਰਮਾਤਮਾ ਨੂੰ ਹੀ ਮੰਨਿਆ ਹੈ। ਉਨ੍ਹਾਂ ਅਨੁਸਾਰ ਉਸ ਪਰਮਾਤਮਾ ਤੋਂ ਬਿਨਾਂ ਪੱਤਾ ਵੀ ਨਹੀਂ ਹਿਲ ਸਕਦਾ। ਗੁਰੂ ਜੀ ਆਖਦੇ ਹਨ ਕਿ

ਸ੍ਰਿਸ਼ਟੀ ਨੂੰ ਰਚਨ ਵਾਲਾ ਪਰਮਾਤਮਾ ਹੈ। ਪਰਮਾਤਮਾ ਦੀ ਮਰਜ਼ੀ ਨਾਲ ਹੀ ਸ੍ਰਿਸ਼ਟੀ ਤੁਰਦੀ ਹੈ। ਉਸੇ ਦੀ ਕਿਰਪਾ ਨਾਲ ਜੋਗ, ਗਿਆਨ ਆਦਿ ਸਭ ਪ੍ਰਾਪਤ ਹੁੰਦੇ ਹਨ। ਇਹ ਸ਼ਬਦ ਗੁਰੂ ਜੀ ਨੇ ਬਨਾਰਸ ਵਿੱਚ ਚਤੁਰਦਾਸ ਸਾਖੀ ਵਿੱਚ ਉਚਾਰੇ ਹਨ।

**ਮਾਇਆ →** ਮਾਇਆ ਸ਼ਬਦ ਦੇ ਅਨੇਕਾਂ ਅਰਥ ਹਨ ਜਿਵੇਂ ਅਦਭੁੱਤ ਸ਼ਕਤੀ ਦੈਵੀ ਸ਼ਕਤੀ, ਛਲ ਅਤੇ ਕਪਟ ਆਦਿ। ਨਾਲੰਦਾ ਹਿੰਦੀ ਸ਼ਬਦ ਕੋਸ਼ ਵਿੱਚ ਮਾਇਆ ਲਈ ਕਪਟ, ਮੋਹ, ਲਕਸ਼ਮੀ, ਜਾਦੂ ਸ਼ਕਤੀ, ਮਮਤਾ, ਅਗਿਆਨਤਾ ਆਦਿ ਸ਼ਬਦ ਪ੍ਰਯੋਗ ਕੀਤੇ ਮਿਲਦੇ ਹਨ। ਮਾਇਆ ਲਈ ਉਪਨਿਸ਼ਦਾਂ ਵਿੱਚ ਪ੍ਰਪੰਚ ਸ਼ਬਦ ਵਰਤਿਆ ਗਿਆ ਹੈ, ਜਿਸ ਕਾਰਨ ਸਤਿ ਗਿਆਨ ਦਾ ਅਨੁਭਵ ਮੁਸ਼ਕਿਲ ਹੋ ਜਾਂਦਾ ਹੈ। ਮਾਇਆ ਦਾ ਪ੍ਰਭਾਵ ਜੀਵ 'ਤੇ ਜਗਤ 'ਤੇ ਪੈਂਦਾ ਹੈ। ਗੀਤਾ ਵਿੱਚ ਮਾਇਆ ਨੂੰ ਅਵਿਦਿਆ ਅਤੇ ਭਰਮ ਕਿਹਾ ਹੈ।

ਪੁਰਾਤਨ ਜਨਮਸਾਖੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਾਇਆ ਦਾ ਵਿਰੋਧ ਕੀਤਾ ਹੈ। 'ਠੱਗਾਂ ਨੂੰ ਨਿਸਤਾਰਾ' ਸਾਖੀ ਅੰਦਰ ਗੁਰੂ ਜੀ ਠੱਗਾਂ ਨੂੰ ਸਮਝਾਉਂਦੇ ਹਨ ਹੋਏ ਆਖਦੇ ਹਨ ਕਿ ਲੋਕ ਲਾਲਚ ਕੂੜੇ ਦੀ ਨਿਆਈ। ਠੱਗੀ ਮੁਰਦਾ ਖਾਣ ਦੇ ਬਰਾਬਰ ਹੈ। ਉਹ ਆਖਦੇ ਹਨ ਕਿ ਪਰਮਾਤਮਾ ਦੀ ਭਗਤੀ ਦਾ ਅਨੰਦ ਮਾਣੋ; ਇਹ ਅਨੰਦ ਸੋਨੇ ਅਤੇ ਪੈਸੇ ਤੋਂ ਵੀ ਕੀਮਤੀ ਹੈ। ਪੁਰਾਤਨ ਜਨਮ ਸਾਖੀ ਅੰਦਰ ਜੀਵਾਤਮਾ ਲਈ ਅਨੇਕਾਂ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ ਜਿਵੇਂ ਕਿ ਹੰਸ, ਖਾਕੀ, ਮਾਨਸ ਜਨ, ਲੋਗ ਆਦਿ। ਜਨਮ ਸਾਖੀ ਅੰਦਰ ਜੀਵ ਨੂੰ ਮੂਰਖ ਤੇ ਮੂੜ੍ਹ ਕਿਹਾ ਗਿਆ ਹੈ। ਇਸ ਜਨਮ ਸਾਖੀ ਅੰਦਰ ਗੁਰੂ ਸਾਹਿਬ ਨੇ ਮਨੁੱਖ ਦਾ ਹਉਮੈਂ ਨੂੰ ਦੂਰ ਕਰਕੇ ਸਹੀ ਰਾਹ ਤੇ ਲਿਆਉਂਦੇ ਹਨ। ਪੁਰਾਤਨ ਜਨਮ ਸਾਖੀ ਅੰਦਰ ਬਨਾਰਸ ਵਿੱਚ ਚਤੁਰਦਾਸ ਵਿਚ ਗੁਰੂ ਜੀ ਚਤੁਰਦਾਸ ਦੀ ਮੈਰਾ ਨੂੰ ਦੂਰ ਕਰਨ ਲਈ ਇਹ ਸ਼ਬਦ ਉਚਾਰਦੇ ਹਨ :-

ਓਅੰਕਾਰ ਬ੍ਰਹਮਾਂ ਉਤਪਤਿ। ਓਅੰਕਾਰ ਕੀਆ ਜਿਨ ਚਿਤਿ।
ਓਅੰਕਾਰ ਸ਼ਬਦਿ ਉਧਰੇ। ਓਅੰਕਾਰ ਗੁਰਮੁਖਿ ਤਰੇ।

**ਗੁਰੂ →** ਗੁਰੂ ਸ਼ਬਦ ਸੰਸਕ੍ਰਿਤ ਦਾ ਹੈ ਜਿਸ ਦਾ ਅਰਥ ਹੈ ਜਤਨ ਕਰਨਾ, ਮਾਰਨਾ, ਉੱਚਾ ਕਰਨਾ ਆਦਿ। ਗੁਰੂ ਸ਼ਬਦ ਦੀ ਵਰਤੋਂ ਉਪਨਿਸ਼ਦ ਕਾਲ ਤੋਂ ਹੁੰਦੀ ਆਈ ਹੈ, ਜਿਸ ਵਿੱਚ ਗੁਰੂ ਦਾ ਅਰਥ ਧਾਰਮਿਕ ਸਿੱਖਿਆ ਦੇਣ ਵਾਲਾ ਜਾਂ ਆਤਮ ਗਿਆਨ ਦੇਣ ਵਾਲਾ ਹੈ।

ਭਾਈ ਕਾਨ੍ਹ ਸਿੰਘ ਨੇ ਗੁਰੂ ਸ਼ਬਦ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੈ, ਅਗਿਆਨ, ਵਿਨਾਸ਼ਕ ਸਤ ਅਤੇ ਚਿੱਤ ਉਪਦੇਸ਼ਾਂ ਦਾ ਨਾਉਂ ਗੁਰੂ ਹੈ।

ਪੁਰਾਤਨ ਜਨਮ ਸਾਖੀ ਅੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰੂ ਦੀ ਮਹਿਮਾ ਦਾ ਗੁਣਗਾਣ ਕੀਤਾ ਹੈ। ਉਹ ਆਖਦੇ ਹਨ ਕਿ ਜਿਸ ਮਨੁੱਖ ਨੂੰ ਗੁਰੂ ਦੀ ਪ੍ਰਾਪਤੀ ਹੋ ਜਾਂਦੀ ਹੈ ਕਿ ਜਿਸ ਉਹ ਭਵਸਾਗਰ ਨੂੰ ਪਾਰ ਕਰ ਜਾਂਦਾ ਹੈ। ਗੁਰੂ ਦੀ ਪ੍ਰਾਪਤੀ ਨਾਲ ਹੀ ਪ੍ਰਭੂ ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਬਾਣੀ ਵਿੱਚ ਆਖਦੇ ਹਨ ਕਿ ਮਨੁੱਖ ਗੁਰੂ ਦੀ ਸ਼ਰਨ ਵਿੱਚ ਜਾ ਕੇ ਦੇਵਤਾ ਬਣ ਜਾਂਦਾ ਹੈ ਜਿਵੇਂ:-

ਬਲਿਹਾਰੀ ਗੁਰੂ ਆਪਣੇ ਦਿਉਹਾੜੀ ਸਦ ਵਾਰ ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤਿ ਨ ਲਾਗੀ ਵਾਰੀ ॥

**ਮੁਕਤੀ →** ਮੁਕਤੀ, ਜੀਵਨ ਮੁਕਤੀ ਸ਼ਬਦ ਦੇ ਅਰਥਾਂ ਦੇ ਸੁਮੇਲ ਤੋਂ ਬਣਿਆ ਹੈ ਜੀਵਨ ਅਤੇ ਮੁਕਤੀ। ਜਿਸ ਦਾ ਭਾਵ ਹੈ ਵਿਅਕਤੀ ਦੇ ਜੀਵਨ ਕਾਲ ਵਿੱਚ ਹੀ ਪ੍ਰਾਪਤ ਹੋਣ ਵਾਲੀ ਮੁਕਤੀ। ਮੁਕਤੀ ਦੀ ਪ੍ਰਾਪਤੀ ਪਰਿਭਾਸ਼ਾ ਭਿੰਨ-ਭਿੰਨ ਦਿੱਤੀ ਹੈ ਜੈਨ ਧਰਮ ਵਿੱਚ ਮੁਕਤੀ ਤੋਂ ਭਾਵ ਸਰੀਰ ਕਰਮਾਂ ਦੇ ਬੰਧਨਾਂ ਤੋਂ ਆਤਮਾ ਦਾ ਛੁਟਕਾਰਾ ਹੈ।

RSM Date....../....../...... Page ........ Rangoli

ਸਾਂਖ ਦਰਸ਼ਨ ਵਿੱਚ ਮੁਕਤੀ ਲਈ ਕੈਵੱਲਯ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਜਿਸ ਅਨੁਸਾਰ ਪੁਰਸ਼ ਸੁਭਾਵਿਕ ਤੌਰ 'ਤੇ ਅਸੰਗ ਅਤੇ ਮੁਕਤ ਹੈ। ਸ਼੍ਰੀ ਮਦ ਭਗਵਤ ਪੁਰਾਣ ਅਨੁਸਾਰ ਭਗਵਤ ਸਰੂਪ ਦਾ ਸਾਖਿਆਤਕਾਰ ਹੀ ਮੁਕਤੀ ਹੈ। ਗੁਰਮਤਿ ਕਾਵਿ ਵਿੱਚ ਮੁਕਤੀ ਲਈ ਕਈ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਜਿਵੇਂ :- ਮੋਖ, ਪਰਮਪਦ, ਅਮਰਪਦ, ਨਿਰਬਾਣ ਪਦ, ਨਿਰਭੌ ਪਦ, ਬੈਕੁੰਠਿ, ਗਤਿ ਅਤੇ ਮੁਕਤਿ ਪੰਥ ਆਦਿ।

ਗੁਰਮਤਿ ਅਨੁਸਾਰ ਸੰਸਾਰਕ ਬੰਧਨਾਂ ਤੋਂ ਛੁਟਕਾਰਾ ਹੀ ਮੁਕਤੀ ਹੈ। ਇਹ ਛੁਟਕਾਰਾ ਪ੍ਰਭੂ ਦੇ ਮੇਲ ਦੁਆਰਾ ਹੀ ਹੋ ਸਕਦਾ ਹੈ। ਪੁਰਾਤਨ ਜਨਮ ਸਾਖੀ ਅੰਦਰ ਗੁਰੂ ਜੀ ਨੇ ਮੁਕਤੀ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਹੈ ਕਿ ਮੁਕਤੀ ਦੀ ਪ੍ਰਾਪਤੀ ਦਾ ਸਭ ਤੋਂ ਸੌਖਾ ਸਾਧਨ ਉਸ ਪਰਮਾਤਮਾ ਦਾ ਨਾਮ ਸਿਮਰਨ ਕਰਨਾ ਹੈ, ਨਾਮ ਸਿਮਰਨ ਦੁਆਰਾ ਹੀ ਪਾਪਾਂ ਤੋਂ ਮੁਕਤੀ ਪ੍ਰਾਪਤ ਕਰਕੇ ਉਸ ਪ੍ਰਭੂ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ।

**ਨਾਮ ਸਿਮਰਨ** → ਨਾਮ ਸਿਮਰਨ ਨੂੰ ਦੁਨਿਆਵੀ ਤੇ ਦੀਨੀ ਚਿੰਤਾਵਾਂ ਤੋਂ ਮੁਕਤ ਹੋਣ ਦਾ ਸਾਧਨ ਮੰਨਿਆ ਗਿਆ ਹੈ। ਨਾਮ ਸਿਮਰਨ ਪ੍ਰਭੂ ਪਿਆਰ ਵਿਚੋਂ ਹੀ ਪੈਦਾ ਹੁੰਦਾ ਹੈ। ਨਾਮ ਸਿਮਰਨ ਦੁਆਰਾ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ।

ਪੁਰਾਤਨ ਜਨਮਸਾਖੀ ਅੰਦਰ ਗੁਰੂ ਨਾਨਕ ਦੇਵ ਜੀ ਨੇ ਨਾਮ ਸਿਮਰਨ ਉੱਤੇ ਬਲ ਦਿੱਤਾ ਹੈ ਉਹਨਾਂ ਦੀਆਂ ਸਾਖੀਆਂ ਅੰਦਰ ਬਾਰ-ਬਾਰ ਇਹੋ ਕਿਹਾ ਗਿਆ ਹੈ ਕਿ ਪ੍ਰਭੂ ਦੀ ਪ੍ਰਾਪਤੀ ਨਾਮ ਸਿਮਰਨ ਦੁਆਰਾ ਹੀ ਹੋ ਸਕਦੀ ਹੈ। ਸ਼ੇਖ ਬ੍ਰਹਮ ਨਾਲ ਗੋਸ਼ਟਿ ਵਿਚ ਗੁਰੂ ਜੀ ਸ਼ੇਖ ਬ੍ਰਹਮ ਦੇ ਪ੍ਰਸ਼ਨਾਂ ਦੇ ਉੱਤਰ ਦਿੰਦੇ ਹੋਏ ਨਾਮ ਸਿਮਰਨ ਦੀ ਵਡਿਆਈ ਦੱਸਦੇ ਹਨ ਜਿਵੇਂ ਗੁਰੂ ਜੀ ਆਖਦੇ ਹਨ :-

ਦੂਜਾ ਕਾਹੇ ਸੇਵੀਐ ਜੰਮੈ ਤੇ ਮਰਿ ਜਾਇ।
ਏਕੋ ਸਿਮਰਹੁ ਨਾਨਕਾ ਜੋ ਜਲਿ ਥਲਿ ਰਹਿਆ ਸਮਾਇਆ।

ਗੁਰੂ ਜੀ ਆਖਦੇ ਹਨ ਕਿ ਪਰਮਾਤਮਾ ਇਕੋ ਹੈ ਉਸ ਦਾ ਨਾਮ ਸਿਮਰਨ ਕਰੋ, ਬਾਕੀ ਸਭ ਝੂਠ ਹੈ। ਜਿਸਦਾ ਸਦਾ ਸਿਮਰਨ ਕਰੀਏ ਉਹੁ ਸਭ ਵਿਚ ਸਮਾਇਆ ਹੋਇਆ ਹੈ। ਜਿਸ ਨਾਲ ਜਨਮ-ਮਰਨ ਤੋਂ ਮੁਕਤੀ ਨਾ ਪ੍ਰਾਪਤ ਹੋਵੇ ਉਸਨੂੰ ਸਿਮਰਨ ਦਾ ਕੋਈ ਫਾਇਦਾ ਨਹੀਂ ਹੈ। ਗੁਰੂ ਜੀ ਆਖਦੇ ਹਨ ਕਿ ਪਰਮਾਤਮਾ ਘਰ ਬੈਠੇ ਹੀ ਮਿਲ ਜਾਂਦੇ ਹਨ ਜੇਕਰ ਮਨੁੱਖ ਸਾਫ ਨੀਅਤ ਨਾਲ ਸਿਮਰਨ ਕਰਦਾ ਹੈ। ਇਸ ਤਰ੍ਹਾਂ ਗੁਰੂ ਜੀ ਆਪਣੇ ਇਨ੍ਹਾਂ ਸ਼ਬਦਾਂ ਦੁਆਰਾ ਜੀਵ ਬਹਮ ਨੂੰ ਪ੍ਰਭੂ ਪ੍ਰਾਪਤੀ ਮਾਰਗ ਦੱਸਦੇ ਹਨ ਕਿ ਨਾਮ ਸਿਮਰਨ ਦੁਆਰਾ ਹੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ।

**ਵਿਸ਼ੇ ਵਿਕਾਰਾਂ ਦਾ ਤਿਆਗ →** ਪੁਰਾਤਨ ਜਨਮ ਸਾਖੀ ਅੰਦਰ ਵਿਸ਼ੇ ਵਿਕਾਰਾਂ ਦੇ ਦੋਸ਼ ਤੇ ਔਗੁਣਾਂ ਨੂੰ ਦਰਸਾ ਕੇ ਉਨ੍ਹਾਂ ਦਾ ਤਿਆਗ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ - ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਵਿਸ਼ੇ ਵਿਕਾਰਾਂ ਮਨੁੱਖ ਨੂੰ ਅਕਾਲ ਪੁਰਖ ਤੋਂ ਦੂਰ ਲੈ ਜਾਂਦੇ ਹਨ। ਇਹ ਮਨੁੱਖੀ ਸਰੀਰ ਨੂੰ ਕਸ਼ਟ ਪਹੁੰਚਾਉਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਨਾਰਸ ਵਿਚ ਚਤੁਰਦਾਸ ਸਾਖੀ ਅੰਦਰ ਇਨ੍ਹਾਂ ਵਿਸ਼ੇ ਵਿਕਾਰਾਂ ਬਾਰੇ ਇੰਞ ਫੁਰਮਾਇਆ ਹੈ:-

ਕਾਮ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ ॥
ਜਿਉ ਗੋਡਹੁ ਤਿਉ ਤੁਸ੍ ਪਾਵਹੁ ਕਿਰਤੁ ਨ ਮੇਟਿਆ ਜਾਇ ॥

RSM
Date....../....../......
Page ......
Rangoli

**ਕੂੜ ਤੇ ਪਾਖੰਡਾਂ ਤੋਂ ਛੁਟਕਾਰਾ →** ਕੂੜ ਤੇ ਪਾਖੰਡ ਮਨੁੱਖ ਨੂੰ ਸਿੱਧੇ ਰਾਹ ਤੋਂ ਭਟਕਾ ਦਿੰਦੇ ਹਨ। ਪੁਰਾਤਨ ਜਨਮ ਸਾਖੀ ਅੰਦਰ ਬਹੁਤ ਥਾਵਾਂ ਤੇ ਮਨੁੱਖ ਨੂੰ ਕੂੜ ਤੇ ਪਾਖੰਡ ਤੋਂ ਛੁਟਕਾਰਾ ਪ੍ਰਾਪਤ ਕਰਕੇ ਸੱਚ ਦੇ ਰਾਹ ਉੱਤੇ ਚੱਲਣ ਦੀ ਪ੍ਰੇਰਨਾ ਦਿੱਤੀ ਹੈ। ਕੁਰਿਆਹ ਦਾ ਅੰਤ ਮਾੜਾ ਹੁੰਦਾ ਹੈ। ਇਸ ਜਨਮ ਸਾਖੀ ਅੰਦਰ ਬਹੁਤ ਉਦਾਹਰਣ ਦਰਜ 'ਨਾਨਕ ਅਤੇ ਸਿੱਧਾਂ ਨਾਲ ਗੋਸ਼ਟਿ' ਸਾਖੀ ਅੰਦਰ ਜਦੋਂ ਸਿੱਧ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜੋਗ ਧਾਰਨ ਕਰਨ ਲਈ ਆਖਦੇ ਹਨ ਕਿ ਜੋਗ ਧਾਰਨ ਤੁਹਾਨੂੰ ਮੁਕਤੀ ਪ੍ਰਾਪਤ ਹੋ ਜਾਵੇਗੀ ਤਾਂ ਗੁਰੂ ਜੀ ਆਖਦੇ ਹਨ ਕਿ ਗੋਖੜੀ, ਖਿੰਥੇ ਤੇ ਭਸਮ ਮਲਣਾ ਜੋਗ ਨਹੀਂ ਹੈ, ਹੇ ਜੋਗੀਓ ਜਿਸ ਨੂੰ ਤੁਸੀਂ ਜੋਗ ਸਮਝਦੇ ਹੋ ਉਹ ਜੋਗ ਧੋਣ-ਮੋਨ ਕਰਵਾਉਣਾ ਨਹੀਂ ਅਤੇ ਨਾ ਹੀ ਸਿੰਙੀਵਜਾਉਣਾ ਜੋਗ ਦੀ ਨਿਸ਼ਾਨੀ ਹੈ।

ਜੋਗ ਉਹ ਹੈ ਜੋ ਸਭ ਨੂੰ ਇਕ ਨਜ਼ਰ ਨਾਲ ਵੇਖੇ ਤੇ ਸਭ ਨੂੰ ਬਰਾਬਰ ਸਮਝੇ।

**ਸਿੱਟਾ →** ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਪੁਰਾਤਨ ਜਨਮ ਸਾਖੀ ਵਿਚਲੇ ਗੁਰਮਤਿ ਦਰਸ਼ਨ ਨੂੰ ਭਾਰਤੀ ਪਰੰਪਰਾ ਦੀ ਨਿਰੰਤਰਤਾਂ ਵਿੱਚ ਨਹੀਂ ਦੇਖਿਆ ਜਾ ਸਕਦਾ। ਇਸ ਸਾਖੀ ਅੰਦਰ ਬ੍ਰਹਮ, ਆਤਮਾ, ਸ੍ਰਿਸ਼ਟੀ ਗੁਰੂ ਤੇ ਮੁਕਤੀ ਬਾਰੇ ਆਪਣੇ ਵਿਲੱਖਣ ਤੇ ਮੌਲਿਕ ਵਿਚਾਰ ਦਿੱਤੇ ਗਏ ਹਨ। ਜਿਨ੍ਹਾਂ ਬਾਰੇ ਵਿਸਥਾਰ ਨਾਲ ਦੱਸਣ ਤੇ ਲਈ ਇਸ ਸਾਖੀ ਦਾ ਅਧਿਐਨ ਕਰਨਾ ਜ਼ਰੂਰੀ ਹੈ।